ਲਿਥੁਆਨੀਆ

Reception and Integration Agency

euaa EUROPEAN UNION AGENCY FOR ASYLUM

# ਰਿਸੈਪਸ਼ਨ 'ਤੇ ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ



ਇਹ ਜਾਣਕਾਰੀ ਤੁਹਾਡੇ ਲਈ ਹੈ ਜੇਕਰ:

- ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ
- ਤੁਸੀਂ ਆਪਣੇ ਮਾਪਿਆਂ ਤੋਂ ਬਿਨਾਂ ਜਾਂ ਤਾਂ ਇਕੱਲੇ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਆਏ ਸੀ।
- ਤੁਸੀਂ ਲਿਥੁਆਨੀਆ ਵਿੱਚ ਸ਼ਰਨ (ਜਿਸਨੂੰ ਅੰਤਰਰਾਸ਼ਟਰੀ ਸੁਰੱਖਿਆ ਵੀ ਕਿਹਾ ਜਾਂਦਾ ਹੈ) ਲਈ ਅਰਜ਼ੀ ਦਿੱਤੀ ਹੈ।

PUNJABI

# ਵਿਸ਼ਾ-ਸੂਚੀ


| | |
|---|---|
| ਤੁਸੀਂ ਇਸ ਦੇਸ਼ ਵਿੱਚ ਸੁਰੱਖਿਅਤ ਹੋ | 3 |
| ਕੌਣ ਕਰੇਗਾ ਤੁਹਾਡੀ ਮਦਦ? | 3 |
| ਪ੍ਰਤੀਨਿਧੀ ਦੀ ਕੀ ਭੂਮਿਕਾ ਹੈ? | 3 |
| ਹੋਰ ਕੌਣ ਕਰ ਸਕਦਾ ਹੈ ਤੁਹਾਡੀ ਮਦਦ? | 4 |
| ਤੁਹਾਨੂੰ ਕੀ ਮਿਲੇਗਾ? | 6 |
| ਸਿਹਤ ਸੰਭਾਲ ਦਾ ਅਧਿਕਾਰ | 8 |
| ਸਟਾਫ਼ ਅਤੇ ਪ੍ਰਤੀਨਿਧੀ ਨੂੰ ਸੂਚਿਤ ਕਰੋ | 9 |
| ਹਿੱਤਾਂ ਦਾ ਸਭ ਤੋਂ ਵਧੀਆ ਮੁਲਾਂਕਣ ਕੀ ਹੈ? | 10 |
| ਸਿੱਖਿਆ ਦਾ ਅਧਿਕਾਰ | 10 |
| ਕੰਮ ਕਰਨ ਦਾ ਅਧਿਕਾਰ | 11 |
| ਤੁਹਾਡਾ ਸ਼ਰਣ ਮੰਗਣ ਵਾਲੇ ਦਾ ਦਸਤਾਵੇਜ਼ | 11 |
| ਤੁਸੀਂ ਕਿੱਥੇ ਰਹੋਗੇ? | 12 |
| ਜੇ ਕੋਈ ਤੁਹਾਡੇ ਨਾਲ ਬੁਰਾ ਵਿਵਹਾਰ ਕਰਦਾ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ? | 13 |
| ਤੁਹਾਡੀਆਂ ਰਿਸੈਪਸ਼ਨ ਦੀਆਂ ਜ਼ਿੰਮੇਵਾਰੀਆਂ ਕੀ ਹਨ? | 14 |
| ਜੇਕਰ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਤਾਂ ਕੀ ਹੁੰਦਾ ਹੈ? | 15 |
| ਸ਼ਰਣ ਲਈ ਅਰਜ਼ੀ ਦੇਣ ਅਤੇ EU+ ਦੇਸ਼ਾਂ ਵਿੱਚ ਯਾਤਰਾ ਕਰਨ ਦੇ ਨਿਯਮ | 16 |
| ਜੇਕਰ EU+ ਦੇਸ਼ਾਂ ਵਿੱਚ ਭੱਜ ਜਾਂਦੇ ਹੋ ਤਾਂ ਕੀ ਹੁੰਦਾ ਹੈ? | 17 |
| ਜੇਕਰ ਤੁਸੀਂ ਅਫ਼ਸਰਾਂ ਦੁਆਰਾ ਕੀਤੇ ਗਏ ਫੈਸਲੇ ਨਾਲ ਸਹਿਮਤ ਨਹੀਂ ਹੋ ਤਾਂ ਕੌਣ ਤੁਹਾਡੀ ਮਦਦ ਕਰ ਸਕਦਾ ਹੈ? | 18 |
| ਜੇ ਕੁਝ ਸਹਾਇਤਾ ਬਦਲ ਜਾਂਦੀ ਹੈ ਤਾਂ ਕੀ ਹੁੰਦਾ ਹੈ? | 19 |
| ਸੰਪਰਕ ਦੇ ਵੇਰਵੇ | 20 |

# ਤੁਸੀਂ ਇਸ ਦੇਸ਼ ਵਿੱਚ ਸੁਰੱਖਿਅਤ ਹੋ

ਤੁਸੀਂ ਅਫ਼ਸਰਾਂ ਨੂੰ ਦੱਸਿਆ ਸੀ ਕਿ ਤੁਸੀਂ ਆਪਣੇ ਦੇਸ਼ ਵਾਪਸ ਨਹੀਂ ਜਾ ਸਕਦੇ ਕਿਉਂਕਿ ਤੁਸੀਂ ਖ਼ਤਰੇ ਵਿੱਚ ਹੋ ਅਤੇ ਤੁਸੀਂ ਸ਼ਰਣ ਲਈ ਅਰਜ਼ੀ ਦਿੱਤੀ ਹੈ। ਤੁਸੀਂ **ਲਿਥੁਆਨੀਆ** ਵਿੱਚ ਇੱਕ ਸ਼ਰਣ ਮੰਗਣ ਵਾਲੇ ਹੋ।

ਜੇ ਸਭ ਕੁਝ ਨਵਾਂ ਮਹਿਸੂਸ ਹੁੰਦਾ ਹੈ ਤਾਂ ਇਹ ਆਮ ਗੱਲ ਹੈ। ਤੁਸੀਂ ਇਸ ਦੇਸ਼ ਵਿੱਚ ਸੁਰੱਖਿਅਤ ਹੋ ਅਤੇ ਇਕੱਲੇ ਨਹੀਂ ਹੋ।

## ਕੌਣ ਕਰੇਗਾ ਤੁਹਾਡੀ ਮਦਦ?

ਯੂਰਪ ਵਿੱਚ, 18 ਸਾਲ ਤੋਂ ਘੱਟ ਉਮਰ ਦੇ ਹਰ ਵਿਅਕਤੀ ਨੂੰ ਬੱਚਾ ਮੰਨਿਆ ਜਾਂਦਾ ਹੈ ਅਤੇ ਉਸਨੂੰ **ਵਿਸ਼ੇਸ਼ ਸਹਾਇਤਾ** ਪ੍ਰਾਪਤ ਕਰਨ ਦਾ ਅਧਿਕਾਰ ਪ੍ਰਾਪਤ ਹੈ।



ਕਿਉਂਕਿ ਤੁਸੀਂ ਇੱਥੇ ਆਪਣੇ ਮਾਪਿਆਂ ਤੋਂ ਬਿਨਾਂ ਹੋ, ਕੋਈ ਹੋਰ ਬਾਲਗ ਜਿਸਨੂੰ ਪ੍ਰਤੀਨਿਧੀ ਕਿਹਾ ਜਾਂਦਾ ਹੈ, ਤੁਹਾਡੀਆਂ ਜ਼ਰੂਰਤਾਂ ਵਿੱਚ ਤੁਹਾਡੀ ਮਦਦ ਕਰੇਗਾ। ਇਹ ਵਿਅਕਤੀ ਅਥਾਰਟੀਜ਼ ਤੋਂ ਸੁਤੰਤਰ ਹੈ।

ਜੇਕਰ ਤੁਸੀਂ ਅਜੇ ਤੱਕ ਆਪਣੇ ਪ੍ਰਤੀਨਿਧੀ ਨੂੰ ਨਹੀਂ ਮਿਲੇ ਹੋ, ਤਾਂ ਤੁਸੀਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮਿਲ ਸਕਦੇ ਹੋ।

ਉਦੋਂ ਤੱਕ, ਅਧਿਕਾਰੀ ਤੁਹਾਡੀ ਸਹਾਇਤਾ ਅਤੇ ਪ੍ਰਤੀਨਿਧਤਾ (ਪ੍ਰਤੀਨਿਧਤਾ ਕਰਨ) ਲਈ ਕਿਸੇ ਹੋਰ ਬਾਲਗ ਨੂੰ ਨਿਯੁਕਤ ਕਰ ਸਕਦੇ ਹਨ।

## ਪ੍ਰਤੀਨਿਧੀ ਦੀ ਕੀ ਭੂਮਿਕਾ ਹੈ?

ਤੁਹਾਡਾ ਪ੍ਰਤੀਨਿਧੀ ਤੁਹਾਨੂੰ ਤੁਹਾਡੇ ਰਹਿਣ ਬਾਰੇ ਜਾਣਨ ਲਈ ਲੋੜੀਂਦੀ ਹਰ ਚੀਜ਼ ਸਮਝਾਉਂਦਾ ਹੈ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਲੱਭਣ ਵਿੱਚ ਤੁਹਾਡੀ ਮਦਦ ਕਰਦਾ ਹੈ। ਉਦਾਹਰਣ ਵਜੋਂ, ਤੁਸੀਂ ਸਕੂਲ ਕਿਵੇਂ ਜਾ ਸਕਦੇ ਹੋ, ਤੁਸੀਂ ਡਾਕਟਰ ਨੂੰ ਕਿਵੇਂ ਮਿਲ ਸਕਦੇ ਹੋ, ਤੁਸੀਂ ਕਿੱਥੇ ਰਹੋਗੇ, ਤੁਸੀਂ ਆਪਣੇ ਪਰਿਵਾਰ ਨੂੰ ਕਿਵੇਂ ਲੱਭ ਸਕਦੇ ਹੋ ਜਾਂ ਸੰਪਰਕ ਕਰ ਸਕਦੇ ਹੋ। ਹੋਰ ਸਟਾਫ਼ ਵੀ ਇਹਨਾਂ ਸਵਾਲਾਂ ਵਿੱਚ ਤੁਹਾਡੀ ਮਦਦ ਕਰੇਗਾ।

ਤੁਹਾਡਾ ਪ੍ਰਤੀਨਿਧੀ ਅਫ਼ਸਰਾਂ ਨੂੰ ਦੱਸਦਾ ਹੈ ਕਿ ਤੁਹਾਨੂੰ ਕੀ ਚਾਹੀਦਾ ਹੈ, ਤੁਹਾਨੂੰ ਸਲਾਹ ਪ੍ਰਦਾਨ ਕਰਦਾ ਹੈ ਅਤੇ ਮਹੱਤਵਪੂਰਨ ਫੈਸਲੇ ਲੈਣ ਵਿੱਚ ਤੁਹਾਡੀ ਮਦਦ ਕਰਦਾ ਹੈ।

ਤੁਸੀਂ ਹਮੇਸ਼ਾ ਆਪਣੀਆਂ ਜ਼ਰੂਰਤਾਂ ਅਤੇ ਭਾਵਨਾਵਾਂ ਪ੍ਰਗਟ ਕਰ ਸਕਦੇ ਹੋ ਅਤੇ ਆਪਣੇ ਪ੍ਰਤੀਨਿਧੀ ਨੂੰ ਆਪਣੀ ਰਾਏ ਦੱਸ ਸਕਦੇ ਹੋ।

ਜੇ ਤੁਹਾਨੂੰ ਆਪਣੇ ਪ੍ਰਤੀਨਿਧੀ ਨਾਲ ਕੋਈ ਸਮੱਸਿਆ ਹੈ, ਤਾਂ ਸਟਾਫ਼ ਨੂੰ ਦੱਸੋ।

## ਹੋਰ ਕੌਣ ਕਰ ਸਕਦਾ ਹੈ ਤੁਹਾਡੀ ਮਦਦ?



- ਇੱਕ **ਸਮਾਜਕ ਕਾਰਜਕਰਤਾ** ਤੁਹਾਡੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਵਿੱਚ ਤੁਹਾਡੀ ਮਦਦ ਕਰੇਗਾ ਜਾਂ ਹੋਰ ਪੇਸ਼ੇਵਰਾਂ ਨਾਲ ਸੰਪਰਕ ਕਰੇਗਾ ਜੋ ਕਿਸੇ ਖਾਸ ਸਮੱਸਿਆ ਵਿੱਚ ਮਦਦ ਕਰ ਸਕਦੇ ਹਨ।
- ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ, ਤੁਸੀਂ ਜ਼ਖਮੀ ਹੋ ਜਾਂ ਤੁਹਾਨੂੰ ਕਿਸੇ ਕਿਸਮ ਦੀ ਡਾਕਟਰੀ ਮਦਦ ਦੀ ਲੋੜ ਹੈ ਤਾਂ ਇੱਕ **ਡਾਕਟਰ** ਜਾਂ **ਨਰਸ** ਤੁਹਾਡੀ ਮਦਦ ਕਰੇਗਾ।
- ਜੇ ਤੁਸੀਂ ਉਦਾਸ, ਗੁੱਸੇ, ਡਰ, ਚਿੰਤਤ ਮਹਿਸੂਸ ਕਰਦੇ ਹੋ ਜਾਂ ਤੁਹਾਨੂੰ ਸੌਣ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਇੱਕ **ਮਨੋਵਿਗਿਆਨੀ** ਤੁਹਾਡੀ ਮਦਦ ਕਰੇਗਾ।
- ਇੱਕ **ਕਾਨੂੰਨੀ ਸਲਾਹਕਾਰ** ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰੇਗਾ ਕਿ ਸ਼ਰਣ ਪ੍ਰਕਿਰਿਆ ਦੌਰਾਨ ਕੀ ਹੋਵੇਗਾ ਅਤੇ ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦਾ ਸਨਮਾਨ ਨਹੀਂ ਕੀਤਾ ਗਿਆ ਹੈ।
- ਇੱਕ **ਦੁਭਾਸ਼ੀਆ** ਤੁਹਾਨੂੰ ਉਸ ਭਾਸ਼ਾ ਵਿੱਚ ਗੱਲ ਕਰਨ ਵਿੱਚ ਮਦਦ ਕਰੇਗਾ ਜਿਸ ਭਾਸ਼ਾ ਨੂੰ ਤੁਸੀਂ ਸਮਝਦੇ ਹੋ। ਉਨ੍ਹਾਂ ਦੀ ਭੂਮਿਕਾ ਬਿਲਕੁਲ ਉਹੀ ਅਨੁਵਾਦ ਕਰਨਾ ਹੈ ਜੋ ਤੁਸੀਂ ਅਤੇ ਦੂਸਰੇ ਲੋਕ ਕਹਿੰਦੇ ਹਨ।

## ਉਮਰ ਦਾ ਮੁਲਾਂਕਣ ਕੀ ਹੈ?




ਜੇ ਤੁਸੀਂ ਯੂਰਪ ਵਿੱਚ ਆਪਣੀ ਉਮਰ ਸਾਬਤ ਕਰਨ ਵਾਲੇ ਕਿਸੇ ਦਸਤਾਵੇਜ਼ ਦੇ ਬਿਨਾਂ ਪਹੁੰਚੇ ਹੋ, ਅਤੇ ਅਫ਼ਸਰਾਂ ਨੂੰ ਤੁਹਾਡੀ ਉਮਰ ਬਾਰੇ ਸ਼ੱਕ ਹੈ, ਤਾਂ ਉਹ ਤੁਹਾਨੂੰ **ਉਮਰ ਮੁਲਾਂਕਣ** ਨਾਮਕ ਇੱਕ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਕਹਿਣਗੇ। ਇਸ ਤਰ੍ਹਾਂ, ਉਹ ਇਹ ਫੈਸਲਾ ਕਰ ਸਕਦੇ ਹਨ ਕਿ ਉਹ ਤੁਹਾਨੂੰ ਬੱਚਾ ਮੰਨਦੇ ਹਨ ਜਾਂ ਨਹੀਂ।
ਜੇਕਰ ਤੁਹਾਨੂੰ ਉਮਰ ਦੇ ਮੁਲਾਂਕਣ ਵਿੱਚ ਹਿੱਸਾ ਲੈਣ ਲਈ ਕਿਹਾ ਜਾਂਦਾ ਹੈ, ਤਾਂ ਤੁਹਾਡਾ ਪ੍ਰਤੀਨਿਧੀ ਤੁਹਾਨੂੰ ਪ੍ਰਕਿਰਿਆ ਬਾਰੇ ਦੱਸੇਗਾ।

## ਜੇਕਰ ਤੁਸੀਂ ਆਪਣੇ ਪਰਿਵਾਰ ਨਾਲ ਸੰਪਰਕ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਕੀ ਕਰ ਸਕਦੇ ਹੋ?

- ਜੇਕਰ ਤੁਹਾਨੂੰ ਨਹੀਂ ਪਤਾ ਕਿ ਤੁਹਾਡਾ ਪਰਿਵਾਰ ਕਿੱਥੇ ਹੈ, ਜਾਂ ਤੁਹਾਡਾ ਉਨ੍ਹਾਂ ਨਾਲ ਸੰਪਰਕ ਟੁੱਟ ਗਿਆ ਹੈ, ਤਾਂ ਤੁਸੀਂ ਆਪਣੇ ਪ੍ਰਤੀਨਿਧੀ ਜਾਂ ਸਟਾਫ ਤੋਂ ਸਹਾਇਤਾ ਮੰਗ ਸਕਦੇ ਹੋ। ਉਹ ਤੁਹਾਡੇ ਪਰਿਵਾਰ ਨੂੰ ਖੋਜਣ ਵਿੱਚ ਤੁਹਾਡੀ ਮਦਦ ਕਰਨਗੇ।
- ਜੇ ਤੁਹਾਨੂੰ ਪਤਾ ਹੈ ਕਿ ਤੁਹਾਡਾ ਪਰਿਵਾਰ ਕਿੱਥੇ ਹੈ ਅਤੇ ਤੁਹਾਡੇ ਕੋਲ ਉਨ੍ਹਾਂ ਦੇ ਸੰਪਰਕ ਵੇਰਵੇ ਹਨ, ਤਾਂ ਸਟਾਫ ਤੁਹਾਨੂੰ ਉਨ੍ਹਾਂ ਨੂੰ ਕਾਲ ਕਰਨ ਵਿੱਚ ਮਦਦ ਕਰ ਸਕਦਾ ਹੈ ਜੇਕਰ ਤੁਸੀਂ ਚਾਹੋ।



- ਜੇ ਤੁਹਾਡਾ ਪਰਿਵਾਰ ਯੂਰਪ ਵਿੱਚ ਹੈ, ਤਾਂ ਸਟਾਫ਼ ਨੂੰ ਆਪਣੇ ਪਰਿਵਾਰ ਬਾਰੇ ਜੋ ਕੁਝ ਤੁਸੀਂ ਜਾਣਦੇ ਹੋ ਉਸਨੂੰ ਦੱਸੋ।

## ਚੇਤੇ ਰਹੋ, ਕੁਝ ਲੋਕ ਤੁਹਾਨੂੰ ਖ਼ਤਰੇ ਵਿੱਚ ਪਾ ਸਕਦੇ ਹਨ



ਤੁਸੀਂ ਇਸ ਦੇਸ਼ ਨੂੰ ਛੱਡਣ ਬਾਰੇ ਸੋਚ ਸਕਦੇ ਹੋ ਜਾਂ ਕੁਝ ਲੋਕ ਤੁਹਾਨੂੰ ਭੱਜਣ ਲਈ ਮਨਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਹ ਤੁਹਾਡੇ ਲਈ ਖ਼ਤਰਨਾਕ ਹੋ ਸਕਦਾ ਹੈ ਅਤੇ ਤੁਹਾਡੀ ਸ਼ਰਣ ਅਰਜ਼ੀ ਲਈ ਨਕਾਰਾਤਮਕ ਨਤੀਜੇ ਹੋ ਸਕਦੇ ਹਨ।
ਆਪਣੇ ਪ੍ਰਤੀਨਿਧੀ ਅਤੇ ਸਟਾਫ਼ ਨਾਲ ਗੱਲਬਾਤ ਕਰੋ, ਤੁਸੀਂ ਉਨ੍ਹਾਂ ਨੂੰ ਸਥਿਤੀ ਬਾਰੇ ਸਮਝਾ ਸਕਦੇ ਹੋ ਅਤੇ ਉਹ ਤੁਹਾਨੂੰ ਸਲਾਹ ਦੇ ਸਕਦੇ ਹਨ।

# ਤੁਹਾਨੂੰ ਕੀ ਮਿਲੇਗਾ?

ਜਦੋਂ ਤੁਸੀਂ ਅਫ਼ਸਰਾਂ ਦੁਆਰਾ ਤੁਹਾਡੀ ਸ਼ਰਣ ਅਰਜ਼ੀ ਦੀ ਜਾਂਚ ਕਰਨ ਦੀ ਉਡੀਕ ਕਰਦੇ ਹੋ ਤਾਂ ਤੁਹਾਨੂੰ ਵੱਖ-ਵੱਖ ਕਿਸਮਾਂ ਦੀ ਸਹਾਇਤਾ ਅਤੇ ਸੇਵਾਵਾਂ ਮਿਲਣਗੀਆਂ। ਇਸਨੂੰ **ਰਿਸੈਪਸ਼ਨ** ਕਿਹਾ ਜਾਂਦਾ ਹੈ।


ਇੱਕ ਬੱਚੇ ਅਤੇ ਸ਼ਰਣ ਮੰਗਣ ਵਾਲੇ ਦੇ ਤੌਰ 'ਤੇ ਤੁਹਾਡੇ ਅਧਿਕਾਰ ਵੀ ਅਤੇ ਕੁਝ ਫ਼ਰਜ਼ ਵੀ ਹਨ, ਜਿਨ੍ਹਾਂ ਦੀ ਪਾਲਣਾ ਕਰਨੀ ਹੈ। ਇਸ ਬਰੋਸ਼ਰ ਵਿੱਚ ਇਹਨਾਂ ਬਾਰੇ ਦੱਸਿਆ ਗਿਆ ਹੈ।

ਸਟਾਫ਼ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਕਹੇਗਾ ਕਿ ਤੁਹਾਨੂੰ ਇਸ ਬਰੋਸ਼ਰ ਵਿੱਚ ਜਾਣਕਾਰੀ ਪ੍ਰਾਪਤ ਕਰ ਲਈ ਹੈ। ਜੇ ਤੁਸੀਂ ਇਸ ਬਰੋਸ਼ਰ ਦੇ ਕੁਝ ਹਿੱਸਿਆਂ ਨੂੰ ਨਹੀਂ ਸਮਝਦੇ ਜਾਂ ਜੇ ਤੁਹਾਡਾ ਕੋਈ ਸਵਾਲ ਹੈ, ਤਾਂ ਆਪਣੇ ਪ੍ਰਤੀਨਿਧੀ ਅਤੇ ਸਟਾਫ਼ ਨੂੰ ਪੁੱਛੋ।

ਇਸ ਦੇਸ਼ ਵਿੱਚ ਤੁਹਾਡੇ ਰਹਿਣ ਦੌਰਾਨ, ਤੁਹਾਡਾ ਪ੍ਰਤੀਨਿਧੀ ਅਤੇ ਸਟਾਫ਼ ਤੁਹਾਡੀ ਖਾਸ ਸਥਿਤੀ ਦੇ ਆਧਾਰ 'ਤੇ ਤੁਹਾਨੂੰ ਵਾਧੂ ਜਾਣਕਾਰੀ ਪ੍ਰਦਾਨ ਕਰਨਗੇ। ਤੁਸੀਂ ਕਿਸੇ ਵੀ ਸਮੇਂ ਸਵਾਲ ਪੁੱਛ ਸਕਦੇ ਹੋ।



## ਤੁਹਾਨੂੰ ਮਿਲੇਗਾ:



- ਸੌਣ ਲਈ ਜਗ੍ਹਾ



- ਭੋਜਨ ਜਾਂ ਭੋਜਨ ਖਰੀਦਣ ਲਈ ਪੈਸੇ



- ਨਿੱਜੀ ਸਫਾਈ ਵਾਲੇ ਉਤਪਾਦ



- ਕੱਪੜੇ



- ਰੋਜ਼ਾਨਾ ਦੇ ਖਰਚਿਆਂ ਲਈ ਪੈਸੇ

# ਸਿਹਤ ਸੰਭਾਲ ਦਾ ਅਧਿਕਾਰ

**ਅਫ਼ਸਰ ਇਹ ਯਕੀਨੀ ਬਣਾਉਣਗੇ ਕਿ ਤੁਹਾਨੂੰ ਲੋੜੀਂਦੀ ਸਿਹਤ ਦੇਖਭਾਲ ਮਿਲੇ।**

**ਤੁਸੀਂ ਸਟਾਫ਼ ਅਤੇ ਆਪਣੇ ਪ੍ਰਤੀਨਿਧੀ ਨੂੰ ਆਪਣੀ ਕਿਸੇ ਵੀ ਡਾਕਟਰੀ ਸਮੱਸਿਆ ਬਾਰੇ ਸੂਚਿਤ ਕਰ ਸਕਦੇ ਹੋ।** ਉਹ ਤੁਹਾਨੂੰ ਨਰਸ ਜਾਂ ਡਾਕਟਰ ਨੂੰ ਮਿਲਣ ਵਿੱਚ ਮਦਦ ਕਰਨਗੇ।




ਜੇਕਰ ਡਾਕਟਰ ਇਸਨੂੰ ਜ਼ਰੂਰੀ ਸਮਝਦਾ ਹੈ, ਤਾਂ ਉਹ ਦਵਾਈਆਂ ਦੇ ਨਾਲ-ਨਾਲ ਮਾਹਿਰਾਂ ਨੂੰ ਮਿਲਣ ਲਈ ਵੀ ਲਿਖਣਗੇ।

ਸਟਾਫ਼ ਅਤੇ ਪ੍ਰਤੀਨਿਧੀ ਤੁਹਾਨੂੰ ਦੱਸਣਗੇ ਕਿ ਕੀ ਤੁਹਾਨੂੰ ਨਰਸ ਜਾਂ ਡਾਕਟਰ ਨਾਲ ਡਾਕਟਰੀ ਕੋਲ ਜਾਂਚ ਲਈ ਜਾਣਾ ਪੈ ਕਰਨਾ ਪਵੇਗਾ। ਉਹ ਤੁਹਾਡੀ ਸਿਹਤ ਦੀ ਜਾਂਚ ਕਰ ਸਕਦੇ ਹਨ ਅਤੇ ਤੁਹਾਨੂੰ ਲੋੜੀਂਦੀ ਸਹਾਇਤਾ ਦੇਣਗੇ।

ਜੇ ਤੁਹਾਨੂੰ ਕੋਈ ਡਾਕਟਰੀ ਐਮਰਜੈਂਸੀ ਹੈ ਜਾਂ ਕੋਈ ਸੱਟ ਲੱਗੀ ਹੈ ਜਿਸ ਲਈ ਤੁਰੰਤ ਇਲਾਜ ਦੀ ਲੋੜ ਹੈ, ਤਾਂ ਸਟਾਫ਼ ਨੂੰ ਦੱਸੋ। ਜੇ ਤੁਸੀਂ ਉਸ ਜਗ੍ਹਾ ਤੋਂ ਬਾਹਰ ਹੋ ਜਿੱਥੇ ਤੁਸੀਂ ਰਹਿ ਰਹੇ ਹੋ, ਤਾਂ ਤੁਸੀਂ ਐਮਰਜੈਂਸੀ ਨੰਬਰ 112 'ਤੇ ਮੁਫ਼ਤ ਕਾਲ ਕਰ ਸਕਦੇ ਹੋ।

# ਸਟਾਫ਼ ਅਤੇ ਪ੍ਰਤੀਨਿਧੀ ਨੂੰ ਸੂਚਿਤ ਕਰੋ ਜੇ:



- ਤੁਸੀਂ ਬਿਮਾਰ ਹੋ, ਜ਼ਖਮੀ ਹੋ ਜਾਂ ਤੁਰੰਤ ਡਾਕਟਰੀ ਮਦਦ ਜਾਂ ਦਵਾਈ ਦੀ ਲੋੜ ਹੈ
- ਤੁਸੀਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹੋ ਜਾਂ ਸ਼ਰਾਬ ਪੀਂਦੇ ਹੋ
- ਤੁਸੀਂ ਪਹਿਲਾਂ ਹਿੰਸਾ ਜਾਂ ਦੁਰਵਿਵਹਾਰ ਦਾ ਅਨੁਭਵ ਕੀਤਾ ਹੈ ਜਾਂ ਤੁਸੀਂ ਹੁਣ ਇਸਦਾ ਅਨੁਭਵ ਕਰ ਰਹੇ ਹੋ
- ਤੁਸੀਂ ਗਰਭਵਤੀ ਹੋ ਜਾਂ ਹੋ ਸਕਦੀ ਹੋ
- ਤੁਸੀਂ ਆਪਣੇ ਆਪ ਤੁਰ ਨਹੀਂ ਸਕਦੇ ਜਾਂ ਤੁਹਾਨੂੰ ਸੁਣਨ ਅਤੇ ਦੇਖਣ ਵਿੱਚ ਮੁਸ਼ਕਲ ਆਉਂਦੀ ਹੈ
- ਤੁਸੀਂ ਬਹੁਤ ਚਿੰਤਤ, ਉਦਾਸ ਹੋ, ਤੁਸੀਂ ਸੌਂ ਨਹੀਂ ਸਕਦੇ ਜਾਂ ਤੁਹਾਡੇ ਨਕਾਰਾਤਮਕ ਵਿਚਾਰ ਹਨ
- ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ ਹੋ ਜਾਂ ਕਿਸੇ ਤੋਂ ਡਰਦੇ ਹੋ — ਚਾਹੇ ਉਹ ਅਜਨਬੀ ਹੋਵੇ ਜਾਂ ਜਾਣ-ਪਹਿਚਾਣ ਵਾਲਾ ਵਿਅਕਤੀ
- ਤੁਸੀਂ ਉਹ ਕੰਮ ਕਰਨ ਲਈ ਮਜਬੂਰ ਹੋ ਜੋ ਤੁਸੀਂ ਨਹੀਂ ਕਰਨਾ ਚਾਹੁੰਦੇ ਹੋ
- ਤੁਸੀਂ ਆਪਣੇ ਵਿਸ਼ਵਾਸ, ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋ, ਤੁਹਾਡੇ ਪਹਿਰਾਵੇ ਜਾਂ ਵਿਵਹਾਰ ਦੇ ਕਾਰਨ ਅਸੁਰੱਖਿਅਤ ਮਹਿਸੂਸ ਕਰਦੇ ਹੋ।

ਚੇਤੇ ਰੱਖੋ, ਸਟਾਫ਼ ਅਤੇ ਤੁਹਾਡਾ ਪ੍ਰਤੀਨਿਧੀ ਮਦਦ ਲਈ ਇੱਥੇ ਹਨ।



## ਹਿੱਤਾਂ ਦਾ ਸਭ ਤੋਂ ਵਧੀਆ ਮੁਲਾਂਕਣ ਕੀ ਹੈ?



ਇਹ ਇੱਕ ਅਜਿਹੀ ਗਤੀਵਿਧੀ ਹੈ ਜਿੱਥੇ ਤੁਸੀਂ ਹੋਰ ਸਟਾਫ਼ ਨੂੰ ਦੇਖੋਗੇ ਜੋ ਤੁਹਾਨੂੰ ਸਵਾਲ ਪੁੱਛਣਗੇ:

- ਤੁਹਾਡੀਆਂ **ਜ਼ਰੂਰਤਾਂ** ਨੂੰ ਸਮਝਿਆ ਜਾ ਸਕੇ
- ਇਹ ਨਿਰਧਾਰਤ ਕੀਤਾ ਜਾ ਸਕੇ ਕਿ ਤੁਹਾਨੂੰ ਕਿਹੜੀ **ਸਹਾਇਤਾ** ਦੀ ਲੋੜ ਹੈ।

ਇਹ ਅਫ਼ਸਰਾਂ ਨੂੰ ਮਹੱਤਵਪੂਰਨ ਫੈਸਲੇ ਲੈਣ ਵਿੱਚ ਮਦਦ ਕਰੇਗਾ, ਉਦਾਹਰਨ ਲਈ ਤੁਸੀਂ ਕਿੱਥੇ ਰਹੋਗੇ।

ਤੁਸੀਂ ਨਰਸ, ਡਾਕਟਰ, ਸਟਾਫ਼ ਅਤੇ ਆਪਣੇ ਪ੍ਰਤੀਨਿਧੀ 'ਤੇ ਭਰੋਸਾ ਕਰ ਸਕਦੇ ਹੋ। ਤੁਸੀਂ ਉਨ੍ਹਾਂ ਨਾਲ ਕੁਝ ਵੀ ਸਾਂਝਾ ਕਰ ਸਕਦੇ ਹੋ। ਤੁਹਾਡੇ ਦੁਆਰਾ ਕਹੀ ਗਈ ਕੋਈ ਵੀ ਗੱਲ ਤੁਹਾਡੇ ਪ੍ਰਤੀਨਿਧੀ ਤੋਂ ਇਲਾਵਾ ਕਿਸੇ ਹੋਰ ਨਾਲ ਤੁਹਾਡੀ ਸਹਿਮਤੀ ਤੋਂ ਬਿਨਾਂ ਸਾਂਝੀ ਨਹੀਂ ਕੀਤੀ ਜਾਵੇਗੀ। ਇਹ ਦਾ ਇੱਕੋ ਇੱਕ ਅਪਵਾਦ ਇਹ ਹੈ ਕਿ ਜੇਕਰ ਤੁਹਾਡੀ ਜਾਂ ਕਿਸੇ ਹੋਰ ਦੀ ਜਾਨ ਨੂੰ ਖ਼ਤਰਾ ਹੈ, ਜਾਂ ਕਾਨੂੰਨ ਦੁਆਰਾ ਲੋੜ ਅਨੁਸਾਰ।

ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਪ੍ਰਤੀਨਿਧੀ ਨੂੰ ਸੂਚਿਤ ਕੀਤਾ ਜਾਵੇ ਜਾਂ ਸ਼ਾਮਲ ਕੀਤਾ ਜਾਵੇ, ਤਾਂ ਸਟਾਫ਼ ਨੂੰ ਦੱਸੋ। ਉਹ ਤੁਹਾਡੀ ਬੇਨਤੀ ਦੀ ਜਾਂਚ ਕਰਨਗੇ ਅਤੇ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ ਇਸ ਦੇ ਆਧਾਰ 'ਤੇ ਫੈਸਲਾ ਕਰਨਗੇ।

## ਸਿੱਖਿਆ ਦਾ ਅਧਿਕਾਰ



ਬੱਚੇ ਦੇ ਤੌਰ 'ਤੇ, ਤੁਹਾਨੂੰ ਸਿੱਖਿਆ ਅਤੇ ਸਿੱਖਣ ਦਾ ਅਧਿਕਾਰ ਹੈ। ਜੇ ਤੁਸੀਂ ਸਕੂਲ ਜਾਂਦੇ ਹੋ ਅਤੇ ਇਸ ਸਮੇਂ ਦੌਰਾਨ ਤੁਸੀਂ 18 ਸਾਲ ਦੇ ਹੋ ਜਾਂਦੇ ਹੋ, ਤਾਂ ਤੁਸੀਂ ਸਕੂਲ ਦੀ ਪੜ੍ਹਾਈ ਖਤਮ ਹੋਣ ਤੱਕ ਆਪਣੀ ਹਾਜ਼ਰੀ ਜਾਰੀ ਰੱਖ ਸਕਦੇ ਹੋ।

ਤੁਹਾਡਾ ਪ੍ਰਤੀਨਿਧੀ ਅਤੇ ਸਟਾਫ਼ ਸਥਾਨਕ ਸਕੂਲ ਵਿੱਚ ਰਜਿਸਟਰ ਕਰਨ ਵਿੱਚ ਤੁਹਾਡੀ ਮਦਦ ਕਰਨਗੇ। ਉਹ ਤੁਹਾਨੂੰ ਤਿਆਰੀ ਭਾਸ਼ਾ ਦੀਆਂ ਕਲਾਸਾਂ ਅਤੇ ਹੋਰ ਕੋਰਸਾਂ ਬਾਰੇ ਸੂਚਿਤ ਕਰਨਗੇ। ਤੁਹਾਨੂੰ ਇਹਨਾਂ ਵਿੱਚੋਂ ਕੁਝ ਕੋਰਸਾਂ ਵਿੱਚ ਜਾਣਾ ਪੈ ਸਕਦਾ ਹੈ।

ਸਟਾਫ਼ ਤੁਹਾਨੂੰ ਸਿੱਖਣ, ਵਿਕਸਤ ਕਰਨ ਅਤੇ ਨਵੇਂ ਦੋਸਤ ਬਣਾਉਣ ਵਿੱਚ ਮਦਦ ਕਰਨ ਲਈ ਸਿੱਖਿਆ ਅਤੇ ਮਨੋਰੰਜਨ ਗਤੀਵਿਧੀਆਂ ਬਾਰੇ ਦੱਸੇਗਾ।

## ਕੰਮ ਕਰਨ ਦਾ ਅਧਿਕਾਰ

ਤੁਹਾਡੀ ਉਮਰ ਅਤੇ ਤੁਹਾਡੀ ਸਥਿਤੀ ਦੇ ਆਧਾਰ 'ਤੇ, ਜੇਕਰ ਤੁਸੀਂ ਚਾਹੋ ਤਾਂ ਤੁਹਾਨੂੰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਲਿਥੁਆਨੀਆ, ਜੇ ਤੁਸੀਂ ਚਾਹੁੰਦੇ ਹੋ। ਤੁਹਾਡਾ ਪ੍ਰਤੀਨਿਧੀ ਅਤੇ ਸਟਾਫ਼ ਤੁਹਾਨੂੰ ਹੋਰ ਜਾਣਕਾਰੀ ਦੇਵੇਗਾ।





ਜੇਕਰ ਛੇ ਮਹੀਨਿਆਂ ਦੇ ਅੰਦਰ ਤੁਹਾਡੀ ਸ਼ਰਨ ਦੀ ਅਰਜ਼ੀ 'ਤੇ ਕੋਈ ਫੈਸਲਾ ਨਹੀਂ ਲਿਆ ਜਾਂਦਾ ਹੈ, ਅਤੇ ਇਸ ਦੇਰੀ ਵਿੱਚ ਤੁਹਾਡਾ ਕੋਈ ਕਸੂਰ ਨਹੀਂ ਹੈ, ਤਾਂ ਤੁਸੀਂ ਲਿਥੁਆਨੀਆ ਵਿੱਚ ਕੰਮ ਕਰ ਸਕਦੇ ਹੋ।



14 ਸਾਲ ਤੋਂ ਘੱਟ ਉਮਰ ਦੇ ਸਾਰੇ ਮੁੰਡੇ ਅਤੇ ਕੁੜੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ।

## ਸ਼ਰਣ ਮੰਗਣ ਲਈ ਤੁਹਾਡੇ ਦਸਤਾਵੇਜ਼

ਤੁਹਾਨੂੰ ਤੁਹਾਡੇ ਨਾਮ ਅਤੇ ਫੋਟੋ ਵਾਲਾ ਇੱਕ ਨਿੱਜੀ ਦਸਤਾਵੇਜ਼ ਮਿਲੇਗਾ।। ਇਹ ਦਰਸਾਉਂਦਾ ਹੈ ਕਿ ਤੁਸੀਂ ਲਿਥੁਆਨੀਆ ਵਿੱਚ ਸ਼ਰਣ ਮੰਗਣ ਵਾਲੇ ਹੋ। ਤੁਹਾਨੂੰ ਇਸਨੂੰ ਹਮੇਸ਼ਾ ਆਪਣੇ ਨਾਲ ਰੱਖਣਾ ਚਾਹੀਦਾ ਹੈ।



**ਇਹ ਦਸਤਾਵੇਜ਼ ਮਹੱਤਵਪੂਰਨ ਹੈ। ਧਿਆਨ ਰੱਖੋ ਕਿ ਇਸਨੂੰ ਗੁਆ ਨਾ ਦਿਓ ਅਤੇ ਇਸਨੂੰ ਕਿਸੇ ਹੋਰ ਨੂੰ ਨਾ ਦਿਓ।**

ਇਸ ਦਸਤਾਵੇਜ਼ ਨੂੰ ਵਿਦੇਸ਼ੀ ਦਾ ਰਜਿਸਟ੍ਰੇਸ਼ਨ ਸਰਟੀਫਿਕੇਟ ਕਿਹਾ ਜਾਂਦਾ ਹੈ।

# ਤੁਸੀਂ ਕਿੱਥੇ ਰਹੋਗੇ?

ਅਫ਼ਸਰ ਤੁਹਾਡੀ ਸ਼ਰਣ ਅਰਜ਼ੀ ਦੀ ਜਾਂਚ ਕਰਦੇ ਸਮੇਂ ਤੁਸੀਂ ਜਿੱਥੇ ਰਹੋਗੇ ਉਹ ਜਗ੍ਹਾ ਤੁਹਾਡੀ ਉਮਰ ਅਤੇ ਜ਼ਰੂਰਤਾਂ 'ਤੇ ਨਿਰਭਰ ਕਰਦੀ ਹੈ।







ਤੁਹਾਡਾ ਪ੍ਰਤੀਨਿਧੀ ਅਤੇ ਸਟਾਫ਼ ਤੁਹਾਨੂੰ ਸੂਚਿਤ ਕਰੇਗਾ **ਜਿੱਥੇ ਤੁਹਾਨੂੰ ਰਹਿਣਾ ਹੈ**।

**ਤੁਹਾਨੂੰ ਸਿਰਫ਼ ਅਫ਼ਸਰਾਂ ਦੁਆਰਾ ਨਿਰਧਾਰਤ ਜਗ੍ਹਾ 'ਤੇ ਸਹਾਇਤਾ ਅਤੇ ਸੇਵਾਵਾਂ ਮਿਲਣਗੀਆਂ।**

ਬਹੁਤ ਘੱਟ ਸੰਭਾਵਨਾ ਹੈ ਕਿ ਬੱਚਿਆਂ ਨੂੰ ਇੱਕ ਕੇਂਦਰ ਵਿੱਚ ਰੱਖਿਆ ਜਾ ਸਕਦਾ ਹੈ ਜਿੱਥੇ ਉਹ ਆਪਣੀ ਮਰਜ਼ੀ ਅਨੁਸਾਰ ਨਹੀਂ ਆ ਸਕਦੇ ਅਤੇ ਨਹੀਂ ਜਾ ਸਕਦੇ। ਜੇਕਰ ਤੁਸੀਂ ਇਸ ਸਥਿਤੀ ਵਿੱਚ ਹੋ, ਤਾਂ ਤੁਹਾਡਾ ਪ੍ਰਤੀਨਿਧੀ, ਇੱਕ ਕਾਨੂੰਨੀ ਸਲਾਹਕਾਰ ਅਤੇ ਸਟਾਫ਼ ਤੁਹਾਡੀ ਮਦਦ ਕਰਨਗੇ।

**ਤੁਸੀਂ ਜਿੱਥੇ ਵੀ ਰਹਿ ਰਹੇ ਹੋ, ਤੁਹਾਨੂੰ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ।**
**ਕਿਸੇ ਵੀ ਵਿਅਕਤੀ ਨੂੰ ਇਹ ਕਰਨ ਦੀ ਇਜਾਜ਼ਤ ਨਹੀਂ ਹੈ:**


ਤੁਹਾਨੂੰ ਧਮਕੀ ਦੇਣ



ਤੁਹਾਨੂੰ ਬੇਇੱਜ਼ਤ ਕਰਨਾ


ਤੁਹਾਨੂੰ ਨੁਕਸਾਨ ਪਹੁੰਚਾਉਣਾ

ਚਾਹੇ ਉਹ ਕੋਈ ਵੀ ਕਿਉਂ ਨਾ ਹੋਵੇ, ਕੋਈ ਅਜਨਬੀ ਜਾਂ ਕੋਈ ਜਿਸਨੂੰ ਤੁਸੀਂ ਜਾਣਦੇ ਹੋ।
ਜੇਕਰ ਤੁਹਾਨੂੰ ਸਟਾਫ਼ ਜਾਂ ਆਪਣੇ ਪ੍ਰਤੀਨਿਧੀ ਨਾਲ ਕੋਈ ਸਮੱਸਿਆ ਹੈ, ਤਾਂ ਤੁਸੀਂ ਖੁੱਲ੍ਹ ਕੇ ਗੱਲ ਕਰ ਸਕਦੇ ਹੋ।

## ਜੇ ਕੋਈ ਤੁਹਾਡੇ ਨਾਲ ਬੁਰਾ ਵਿਵਹਾਰ ਕਰਦਾ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ?



ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰ ਸਕਦੇ ਹੋ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ, ਕਿਸੇ ਹੋਰ ਸਟਾਫ਼ ਮੈਂਬਰ, ਆਪਣੇ ਪ੍ਰਤੀਨਿਧੀ, ਜਾਂ ਸਟੇਟ ਚਾਈਲਡ ਰਾਈਟਸ ਪ੍ਰੋਟੈਕਸ਼ਨ ਐਂਡ ਅਡਾਪਸ਼ਨ ਸਰਵਿਸ ਨਾਲ ਸੰਪਰਕ ਕਰ ਸਕਦੇ ਹੋ। ਤੁਸੀਂ ਉਹਨਾਂ ਦੇ ਸੰਪਰਕ ਦੇ ਵੇਰਵੇ ਇਸ ਬਰੋਸ਼ਰ (ਪੁਸਤਿਕਾ) ਦੇ ਅੰਤ ਵਿੱਚ ਦੇਖ ਸਕਦੇ ਹੋ।

ਜੇ ਕੋਈ ਤੁਹਾਡੇ ਨਾਲ ਬੁਰਾ ਸਲੂਕ ਕਰਦਾ ਹੈ, ਤਾਂ ਤੁਸੀਂ [ਬਹੁਵਚਨ] ਰਿਸੈਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਨੂੰ ਇਸਦੀ ਰਿਪੋਰਟ ਕਰ ਸਕਦੇ ਹੋ ਤਾਂ ਜੋ ਇਹ ਦੁਬਾਰਾ ਨਾ ਵਾਪਰੇ। ਇਸ ਨੂੰ 'ਸ਼ਿਕਾਇਤ ਕਰਨਾ' ਕਿਹਾ ਜਾਂਦਾ ਹੈ।



**ਧਿਆਨ ਦਿਓ!**

ਜੇ ਤੁਸੀਂ ਉਸ ਜਗ੍ਹਾ ਤੋਂ ਬਾਹਰ ਹੋ ਜਿੱਥੇ ਤੁਸੀਂ ਰਹਿ ਰਹੇ ਹੋ ਅਤੇ ਤੁਸੀਂ ਖ਼ਤਰੇ ਵਿੱਚ ਹੋ, ਤਾਂ ਤੁਸੀਂ ਕਿਸੇ ਵੀ ਫ਼ੋਨ ਤੋਂ ਰਾਸ਼ਟਰੀ ਐਮਰਜੈਂਸੀ ਨੰਬਰ 112 'ਤੇ ਮੁਫ਼ਤ ਕਾਲ ਕਰ ਸਕਦੇ ਹੋ।

## ਤੁਹਾਡੀਆਂ ਰਿਸੈਪਸ਼ਨ ਦੀਆਂ ਜ਼ਿੰਮੇਵਾਰੀਆਂ ਕੀ ਹਨ?



ਇਹ ਮਹੱਤਵਪੂਰਨ ਹੈ ਕਿ ਤੁਸੀਂ ਸੱਚ ਦੱਸੋ ਅਤੇ ਅਫ਼ਸਰਾਂ ਨਾਲ ਸਹਿਯੋਗ ਕਰੋ, ਭਾਵੇਂ ਕਈ ਵਾਰ ਆਪਣੀ ਕਹਾਣੀ ਦੱਸਣਾ ਡਰਾਉਣਾ ਅਤੇ ਮੁਸ਼ਕਲ ਲੱਗੇ। ਤੁਸੀਂ ਇਕੱਲੇ ਨਹੀਂ ਹੋ। ਸਟਾਫ਼ ਅਤੇ ਤੁਹਾਡਾ ਪ੍ਰਤੀਨਿਧੀ ਤੁਹਾਡੀ ਗੱਲ ਸੁਣਨ ਅਤੇ ਤੁਹਾਡੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਉਪਲਬਧ ਹਨ।
ਸਟਾਫ ਤੁਹਾਡੀ ਮਦਦ ਕਰ ਸਕਦਾ ਹੈ ਜੇਕਰ ਉਹਨਾਂ ਨੂੰ ਤੁਹਾਡੀ ਸਥਿਤੀ ਬਾਰੇ ਪਤਾ ਹੋਵੇ।

ਤੁਸੀਂ ਜਿੱਥੇ ਵੀ ਰਹੋਗੇ, ਉੱਥੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਉਦਾਹਰਣ ਵਜੋਂ, ਤੁਹਾਨੂੰ ਦੂਜੇ ਨਿਵਾਸੀਆਂ ਅਤੇ ਸਟਾਫ਼ ਦਾ ਸਨਮਾਨ ਕਰਨਾ ਚਾਹੀਦਾ ਹੈ, ਅਤੇ ਤੁਹਾਨੂੰ ਸ਼ਾਂਤ ਸਮੇਂ ਦੌਰਾਨ ਰੌਲਾ ਨਹੀਂ ਪਾਉਣਾ ਚਾਹੀਦਾ।

ਸਟਾਫ਼ ਨਿਯਮਾਂ ਅਤੇ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਨਤੀਜਿਆਂ ਬਾਰੇ ਦੱਸੇਗਾ।

ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ:

✔ ਉਸ ਜਗ੍ਹਾ ਦੇ ਨਿਯਮਾਂ ਦੀ ਪਾਲਣਾ ਕਰੋ ਜਿੱਥੇ ਤੁਸੀਂ ਰਹਿ ਰਹੇ ਹੋ

- ਜਗ੍ਹਾ ਨੂੰ ਸਾਫ਼-ਸੁਥਰਾ ਰੱਖੋ
- ਲੜਾਈ-ਝਗੜਾ ਨਾ ਕਰੋ
- ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਦੇ ਨਾ ਕਰੋ
- ਅਧਿਕਾਰੀਆਂ ਨਾਲ ਸਹਿਯੋਗ ਕਰੋ

✖ ਉਸ ਜਗ੍ਹਾ ਤੋਂ ਨਾ ਭੱਜੋ ਜਿੱਥੇ ਅਫ਼ਸਰਾਂ ਨੇ ਤੁਹਾਨੂੰ ਰਹਿਣ ਲਈ ਕਿਹਾ ਸੀ

✔ ਇਸ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਕਰੋ, ਜੋ ਸਟਾਫ਼ ਅਤੇ ਤੁਹਾਡਾ ਪ੍ਰਤੀਨਿਧੀ ਤੁਹਾਨੂੰ ਸਮਝਾਉਣਗੇ।

# ਜੇਕਰ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਤਾਂ ਕੀ ਹੁੰਦਾ ਹੈ?



ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਸੀਂ ਆਪਣੇ ਪ੍ਰਤੀਨਿਧੀ ਜਾਂ ਰਿਸੈਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਦੇ ਸਟਾਫ਼ ਨਾਲ ਖੁੱਲ੍ਹ ਕੇ ਗੱਲ ਕਰ ਸਕਦੇ ਹੋ ਅਤੇ ਆਪਣੀ ਸਥਿਤੀ ਅਤੇ ਆਪਣੇ ਕਾਰਨਾਂ ਬਾਰੇ ਦੱਸ ਸਕਦੇ ਹੋ।
ਅਫ਼ਸਰ ਤੁਹਾਡੀ ਸਥਿਤੀ ਦਾ ਮੁਲਾਂਕਣ ਕਰਨਗੇ ਅਤੇ ਜੇਕਰ ਉਹ ਕੁਝ ਉਪਾਅ ਕਰਨ ਦਾ ਫੈਸਲਾ ਕਰਦੇ ਹਨ ਤਾਂ ਤੁਹਾਨੂੰ ਅਤੇ ਤੁਹਾਡੇ ਪ੍ਰਤੀਨਿਧੀ ਨੂੰ ਸੂਚਿਤ ਕਰਨਗੇ।

ਅਫ਼ਸਰ ਇਹ ਫੈਸਲਾ ਕਰ ਸਕਦੇ ਹਨ ਕਿ:

- **ਤੁਹਾਨੂੰ ਘੱਟ ਸਹਾਇਤਾ ਮਿਲ ਸਕਦੀ ਹੈ**, ਉਦਾਹਰਣ ਵਜੋਂ, ਜੇ ਤੁਸੀਂ ਉਸ ਜਗ੍ਹਾ ਤੋਂ ਭੱਜ ਜਾਂਦੇ ਹੋ ਜਿੱਥੇ ਅਫ਼ਸਰਾਂ ਨੇ ਤੁਹਾਨੂੰ ਰਹਿਣ ਲਈ ਕਿਹਾ ਸੀ ਜਾਂ ਜੇ ਤੁਸੀਂ ਅਫ਼ਸਰਾਂ ਨਾਲ ਸਹਿਯੋਗ ਨਹੀਂ ਕਰਦੇ ਹੋ।
- ਜੇ ਤੁਸੀਂ ਹਿੰਸਕ ਵਿਵਹਾਰ ਕਰਦੇ ਹੋ ਜਾਂ ਜੇ ਤੁਸੀਂ ਉਸ ਜਗ੍ਹਾ ਦੇ ਨਿਯਮਾਂ ਨੂੰ ਤੋੜਦੇ ਹੋ ਜਾਂ ਜੇ ਤੁਸੀਂ ਰਹਿਣ ਵਾਲੀ ਜਗ੍ਹਾ ਦੇ ਨਿਯਮਾਂ ਦੀ ਵਾਰ-ਵਾਰ ਜਾਂ ਗੰਭੀਰ ਉਲੰਘਣਾ ਕਰਦੇ ਹੋ, ਤਾਂ **ਤੁਸੀਂ ਕੁਝ ਸਹਾਇਤਾ ਗੁਆ ਸਕਦੇ ਹੋ ਜੋ ਤੁਹਾਨੂੰ ਮਿਲ ਰਹੀ ਹੈ।** ਪੁਲਿਸ ਨੂੰ ਵੀ ਬੁਲਾਇਆ ਜਾ ਸਕਦਾ ਹੈ।



**ਤੁਸੀਂ ਹੁਣ ਲਿਥੁਆਨੀਆ ਵਿੱਚ ਹੋ, ਜੋ ਕਿ ਇੱਕ EU+ ਦੇਸ਼ ਹੈ।**
**EU+ ਦੇਸ਼ ਇਹ ਹਨ:**

ਯੂਰਪੀਅਨ ਯੂਨੀਅਨ (EU) ਦੇ 27 ਮੈਂਬਰ ਰਾਜ: ਆਸਟਰੀਆ, ਬੈਲਜੀਅਮ, ਬੁਲਗਾਰੀਆ, ਕਰੋਸ਼ੀਆ, ਸਾਈਪ੍ਰਸ, ਚੈੱਕ ਗਣਰਾਜ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗ੍ਰੀਸ, ਹੰਗਰੀ, ਇਟਲੀ, ਲਾਤਵੀਆ, ਲਿਥੁਆਨੀਆ, ਲਕਸਮਬਰਗ, ਮਾਲਟਾ, ਨੀਦਰਲੈਂਡ, ਪੋਲੈਂਡ, ਪੁਰਤਗਾਲ, ਆਇਰਲੈਂਡ ਗਣਰਾਜ, ਰੋਮਾਨੀਆ, ਸਲੋਵਾਕੀਆ, ਸਲੋਵੇਨੀਆ, ਸਪੇਨ, ਸਵੀਡਨ ਅਤੇ

4 ਹੋਰ ਦੇਸ਼: ਆਈਸਲੈਂਡ, ਲੀਚਟਨਸਟਾਈਨ, ਨਾਰਵੇ ਅਤੇ ਸਵਿਟਜ਼ਰਲੈਂਡ।

## ਸ਼ਰਨ ਲਈ ਅਰਜ਼ੀ ਦੇਣ ਅਤੇ EU+ ਦੇਸ਼ਾਂ ਵਿੱਚ ਯਾਤਰਾ ਕਰਨ ਦੇ ਨਿਯਮ




ਤੁਹਾਡਾ ਪ੍ਰਤੀਨਿਧੀ **ਅਤੇ ਸਟਾਫ਼ ਤੁਹਾਨੂੰ ਇਹਨਾਂ ਮਹੱਤਵਪੂਰਨ ਨਿਯਮਾਂ ਦੀ ਵਿਆਖਿਆ ਕਰੇਗਾ। ਤੁਸੀਂ ਉਹਨਾਂ ਨੂੰ ਕਿਸੇ ਵੀ ਸਮੇਂ ਸਵਾਲ ਪੁੱਛ ਸਕਦੇ ਹੋ।**

- ਤੁਹਾਨੂੰ  ਲਿਥੁਆਨੀਆ ਵਿੱਚ ਰਹਿਣਾ ਚਾਹੀਦਾ ਹੈ ਅਤੇ ਦੂਜੇ EU+ ਦੇਸ਼ਾਂ ਵਿੱਚੋਂ ਕਿਸੇ ਇੱਕ ਵਿੱਚ ਭੱਜਣਾ ਨਹੀਂ ਚਾਹੀਦਾ।
- ਜੇਕਰ ਤੁਹਾਡੇ ਪਰਿਵਾਰਕ ਮੈਂਬਰ ਇਹਨਾਂ ਵਿੱਚੋਂ ਕਿਸੇ ਇੱਕ ਦੇਸ਼ ਵਿੱਚ ਹਨ, ਤਾਂ ਅਫ਼ਸਰ ਤੁਹਾਨੂੰ ਪਰਿਵਾਰਕ ਪੁਨਰ-ਏਕੀਕਰਨ 'ਤੇ ਤੁਹਾਡੇ ਅਧਿਕਾਰਾਂ ਬਾਰੇ ਸੂਚਿਤ ਕਰਨਗੇ। ਭੱਜਣ ਦੀ ਕੋਸ਼ਿਸ਼ ਨਾ ਕਰੋ।
- ਜੇ ਤੁਸੀਂ ਭੱਜ ਜਾਂਦੇ ਹੋ, ਤਾਂ ਇਸਦੇ ਨਕਾਰਾਤਮਕ ਨਤੀਜੇ ਹੋਣਗੇ, ਜੋ ਕਿ ਬਰੋਸ਼ਰ ਵਿੱਚ ਦੱਸੇ ਗਏ ਹਨ। ਉਦਾਹਰਣ ਵਜੋਂ, ਤੁਹਾਨੂੰ ਦੂਜੇ ਦੇਸ਼ ਵਿੱਚ ਘੱਟ ਰਿਸੈਪਸ਼ਨ ਸਹਾਇਤਾ ਮਿਲੇਗੀ।
- ਚੇਤੇ ਰੱਖੋ, ਤੁਹਾਨੂੰ ਆਪਣੀ ਸ਼ਰਣ ਅਰਜ਼ੀ ਉਸ EU+ ਦੇਸ਼ ਵਿੱਚ ਰਜਿਸਟਰ ਕਰਨੀ ਚਾਹੀਦੀ ਹੈ ਜਿੱਥੇ ਤੁਸੀਂ ਪਹਿਲੀ ਵਾਰ ਪਹੁੰਚੇ ਸੀ, ਜਦੋਂ ਤੱਕ ਕਿ ਅਫ਼ਸਰਾਂ ਨੇ ਤੁਹਾਨੂੰ ਹੋਰ ਜਾਣਕਾਰੀ ਨਾ ਦਿੱਤੀ ਹੋਵੇ।
- ਇਨ੍ਹਾਂ ਵਿੱਚੋਂ ਸਿਰਫ਼ ਇੱਕ ਦੇਸ਼ ਤੁਹਾਡੀ ਸ਼ਰਣ ਅਰਜ਼ੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਹੈ। ਲਿਥੁਆਨੀਆ ਦੇ ਅਫ਼ਸਰ ਤੁਹਾਨੂੰ ਦੱਸਣਗੇ ਕਿ ਇਸ ਲਈ ਕਿਹੜਾ ਦੇਸ਼ ਜ਼ਿੰਮੇਵਾਰ ਹੈ।

ਤੁਸੀਂ ਇਹਨਾਂ ਪ੍ਰਕਿਰਿਆਵਾਂ ਬਾਰੇ ਵੱਖਰੇ ਬਰੋਸ਼ਰਾਂ ਵਿੱਚ ਸਿੱਖੋਗੇ।

## ਜੇਕਰ EU+ ਦੇਸ਼ਾਂ ਵਿੱਚ ਭੱਜ ਜਾਂਦੇ ਹੋ ਤਾਂ ਕੀ ਹੁੰਦਾ ਹੈ?




**ਵਿੱਚ** ਲਿਥੁਆਨੀਆ:

- ਤੁਹਾਡੀ ਸ਼ਰਨ ਪ੍ਰਕਿਰਿਆ ਨੂੰ ਰੋਕਿਆ ਜਾ ਸਕਦਾ ਹੈ।

**ਦੂਜੇ EU+ ਦੇਸ਼ ਵਿੱਚ:**

- ਅਫ਼ਸਰ ਤੁਹਾਨੂੰ ਉਸ EU+ ਦੇਸ਼ ਵਿੱਚ ਵਾਪਸ ਭੇਜਣ ਦਾ ਫੈਸਲਾ ਕਰ ਸਕਦੇ ਹਨ ਜਿੱਥੇ ਤੋਂ ਤੁਸੀਂ ਛੱਡ ਕੇ ਆਏ ਸੀ।

ਜਿਸ ਪਲ ਤੋਂ ਅਫ਼ਸਰ ਤੁਹਾਨੂੰ ਵਾਪਸ ਭੇਜਣ ਦੇ ਫੈਸਲੇ ਬਾਰੇ ਸੂਚਿਤ ਕਰਦੇ ਹਨ, ਤੁਹਾਡੇ ਕੋਲ ਕੁਝ ਅਧਿਕਾਰਾਂ ਤੱਕ ਪਹੁੰਚ ਨਹੀਂ ਹੋਵੇਗੀ, ਉਦਾਹਰਣ ਵਜੋਂ:

- ਤੁਹਾਨੂੰ ਕੁਝ ਕਿਸਮ ਦੀ ਸਹਾਇਤਾ ਨਹੀਂ ਮਿਲੇਗੀ ਅਤੇ
- ਤੁਹਾਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਜੇਕਰ ਤੁਸੀਂ ਅਫ਼ਸਰਾਂ ਦੁਆਰਾ ਕੀਤੇ ਗਏ ਫੈਸਲੇ ਨਾਲ ਸਹਿਮਤ ਨਹੀਂ ਹੋ ਤਾਂ ਕੌਣ ਤੁਹਾਡੀ ਮਦਦ ਕਰ ਸਕਦਾ ਹੈ?

ਤੁਸੀਂ ਆਪਣੇ ਪ੍ਰਤੀਨਿਧੀ ਨਾਲ ਗੱਲ ਕਰ ਸਕਦੇ ਹੋ ਅਤੇ ਕੋਈ ਵੀ ਸਵਾਲ ਪੁੱਛ ਸਕਦੇ ਹੋ।

ਆਪਣੇ ਪ੍ਰਤੀਨਿਧੀ ਨਾਲ ਮਿਲ ਕੇ ਤੁਸੀਂ ਇੱਕ ਕਾਨੂੰਨੀ ਸਲਾਹਕਾਰ ਤੋਂ ਮਦਦ ਮੰਗ ਸਕਦੇ ਹੋ।

ਕੋਈ ਕਾਨੂੰਨੀ ਸਲਾਹਕਾਰ ਉਹ ਵਿਅਕਤੀ ਹੁੰਦਾ ਹੈ ਜੋ ਇਸ ਦੇਸ਼ ਦੇ ਨਿਯਮਾਂ ਨੂੰ ਜਾਣਦਾ ਹੈ, ਤੁਹਾਡੀ ਸਥਿਤੀ ਨੂੰ ਸਮਝ ਸਕਦਾ ਹੈ ਅਤੇ ਤੁਹਾਡੀ ਸਹਾਇਤਾ ਕਰ ਸਕਦਾ ਹੈ।



ਸਟਾਫ਼ ਤੁਹਾਨੂੰ ਗੈਰ-ਸਰਕਾਰੀ ਸੰਗਠਨਾਂ ਬਾਰੇ ਵੀ ਸੂਚਿਤ ਕਰੇਗਾ ਜੋ ਤੁਹਾਨੂੰ ਜਾਣਕਾਰੀ ਅਤੇ ਸਹਾਇਤਾ ਵੀ ਪ੍ਰਦਾਨ ਕਰ ਸਕਦੇ ਹਨ।




ਤੁਸੀਂ ਕਿਸੇ ਵੀ ਸਮੇਂ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ (UNHCR) ਨਾਲ ਸੰਪਰਕ ਕਰ ਸਕਦੇ ਹੋ। UNHCR ਉਨ੍ਹਾਂ ਲੋਕਾਂ ਦੀ ਰੱਖਿਆ ਕਰਦਾ ਹੈ ਜਿਨ੍ਹਾਂ ਨੂੰ ਆਪਣਾ ਦੇਸ਼ ਛੱਡਣ ਲਈ ਮਜਬੂਰ ਕੀਤਾ ਗਿਆ ਸੀ।

## ਜੇ ਕੁਝ ਸਹਾਇਤਾ ਬਦਲ ਜਾਂਦੀ ਹੈ ਤਾਂ ਕੀ ਹੁੰਦਾ ਹੈ?

ਜੇਕਰ ਰਿਸੈਪਸ਼ਨ ਐਂਡ ਇੰਟੀਗ੍ਰੇਸ਼ਨ ਪੰਨਾ 15 'ਤੇ ਦੱਸੀ ਗਈ ਸਥਿਤੀ ਦੇ ਕਾਰਨ ਕੁਝ ਕਿਸਮਾਂ ਦੀ ਸਹਾਇਤਾ ਨੂੰ ਸੀਮਤ ਜਾਂ ਰੱਦ ਕਰਨ ਦਾ ਫੈਸਲਾ ਕਰਦੀ ਹੈ, ਤਾਂ ਵੀ ਤੁਸੀਂ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਰਹੋਗੇ:



- ਸਕੂਲ ਜਾਓ



- ਡਾਕਟਰ ਜਾਂ ਨਰਸ ਨੂੰ ਮਿਲੋ ਅਤੇ ਡਾਕਟਰੀ ਮਦਦ ਪ੍ਰਾਪਤ ਕਰੋ



- ਆਪਣੀ ਨਿੱਜੀ ਸਥਿਤੀ ਅਤੇ ਜ਼ਰੂਰਤਾਂ ਦੇ ਆਧਾਰ 'ਤੇ ਮਦਦ ਪ੍ਰਾਪਤ ਕਰੋ, ਭਾਵੇਂ ਅਫ਼ਸਰਾਂ ਦੁਆਰਾ ਨਿਰਧਾਰਤ ਜਗ੍ਹਾ 'ਤੇ ਸੌਣ ਲਈ ਜਗ੍ਹਾ ਅਤੇ ਕੁਝ ਸਹਾਇਤਾ ਪ੍ਰਾਪਤ ਕਰ ਸਕਦੇ ਹੋ [*ਜਿਵੇਂ ਕਿ ਖਾਣਾ*]।

ਜਦੋਂ ਅਫ਼ਸਰ ਤੁਹਾਨੂੰ ਦਿੱਤੀ ਗਈ ਰਿਸੈਪਸ਼ਨ ਸਹਾਇਤਾ ਨੂੰ ਰੱਦ ਕਰਨ ਦਾ ਫੈਸਲਾ ਕਰਦੇ ਹਨ ਕਿਉਂਕਿ ਤੁਸੀਂ ਭੱਜ ਕੇ ਕਿਸੇ ਹੋਰ EU+ ਦੇਸ਼ ਵਿੱਚ ਚਲੇ ਗਏ ਹੋ, ਤਾਂ ਤੁਹਾਨੂੰ ਅਜੇ ਵੀ ਕਿਸ ਕਿਸਮ ਦੀ ਸਹਾਇਤਾ ਮਿਲੇਗੀ ਇਹ ਤੁਹਾਡੀ ਨਿੱਜੀ ਸਥਿਤੀ ਅਤੇ ਜ਼ਰੂਰਤਾਂ 'ਤੇ ਨਿਰਭਰ ਕਰੇਗਾ। ਤੁਸੀਂ ਅਜੇ ਵੀ ਸਕੂਲ ਜਾ ਸਕੋਗੇ।

# ਸੰਪਰਕ ਦੇ ਵੇਰਵੇ

ਜੇਕਰ ਤੁਹਾਡਾ ਕੋਈ ਸਵਾਲ ਹੈ ਜਾਂ ਤੁਹਾਨੂੰ ਆਪਣੇ ਠਹਿਰਨ ਦੌਰਾਨ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਇੱਥੇ ਕੰਮ ਕਰਨ ਵਾਲੇ ਸਟਾਫ ਨਾਲ ਗੱਲ ਕਰ ਸਕਦੇ ਹੋ:

| ਰਿਸੈਪਸ਼ਨ ਅਥਾਰਟੀ | |
|---|---|
| Reception and Integration Agency | info@piia.lt +370 602 49364 |

| ਹੋਰ ਸੰਬੰਧਿਤ ਅਥਾਰਟੀ | |
|---|---|
| ਮਾਈਗ੍ਰੇਸ਼ਨ ਵਿਭਾਗ | info@migracija.gov.lt +370 707 67000 |

| ਹੋਰ ਸੰਬੰਧਿਤ ਅਥਾਰਟੀ | |
|---|---|
| ਸਟੇਟ ਬਾਰਡਰ ਗਾਰਡ ਸਰਵਿਸ | dvks@vsat.vrm.lt +370 707 59305 |

ਇਹਨਾਂ ਨਾਲ ਸਬੰਧਤ ਸਵਾਲਾਂ ਲਈ ਤੁਸੀਂ ਇਹਨਾਂ ਸੰਗਠਨਾਂ ਨਾਲ ਵੀ ਸੰਪਰਕ ਕਰ ਸਕਦੇ ਹੋ:

## ਮੈਡੀਕਲ ਮਦਦ



ਰਿਸੈਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ
info@piia.lt +370 602 49364
ਜਾਂ ਏਜੰਸੀ ਦੇ ਅੰਦਰ ਮੌਜੂਦ ਵਿਸ਼ੇਸ਼ ਸਟਾਫ਼ ਨਾਲ ਸੰਪਰਕ ਕਰੋ

## ਮਨੋਵਿਗਿਆਨਕ ਸਹਾਇਤਾ



ਬੱਚਿਆਂ ਅਤੇ ਕਿਸ਼ੋਰਾਂ ਲਈ ਗੁਪਤ ਭਾਵਨਾਤਮਕ ਸਹਾਇਤਾ:
116 111 (ਸਵੇਰੇ 11.00 ਵਜੇ ਤੋਂ ਰਾਤ 00.00 ਵਜੇ ਤੱਕ)
ਔਨਲਾਈਨ ਚੈਟ ਰਾਹੀਂ ਸਹਾਇਤਾ (ਦੁਪਹਿਰ 14.00 ਵਜੇ ਤੋਂ ਰਾਤ 23.00 ਵਜੇ ਤੱਕ) www.vaikulinija.lt
ਵਿਲਨੀਅਸ ਆਰਚਡਾਇਓਸਿਸ ਦੀ ਕੈਰੀਟਾਸ: kulturunamai@vilnius.caritas.lt
+370 673 48052
ਰਿਸੈਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ
info@piia.lt +370 602 49364
ਜਾਂ ਏਜੰਸੀ ਦੇ ਅੰਦਰ ਮੌਜੂਦ ਵਿਸ਼ੇਸ਼ ਸਟਾਫ਼ ਨਾਲ ਸੰਪਰਕ ਕਰੋ

## ਬਾਲ ਸੁਰੱਖਿਆ



ਸਟੇਟ ਚਾਈਲਡ ਰਾਈਟਸ ਪ੍ਰੋਟੈਕਸ਼ਨ ਐਂਡ ਅਡਾਪਸ਼ਨ ਸਰਵਿਸ info@vaikoteises.lt 0 800 10 800
ਜੇਕਰ ਤੁਸੀਂ ਅਣਗੌਲਿਆ ਮਹਿਸੂਸ ਕਰਦੇ ਹੋ ਜਾਂ ਖ਼ਤਰੇ ਵਿੱਚ ਹੋ, ਤਾਂ ਤੁਸੀਂ ਸੋਮਵਾਰ ਤੋਂ ਸ਼ਨੀਵਾਰ: ਸਵੇਰੇ 8.00 ਵਜੇ ਤੋਂ ਰਾਤ 20.00 ਵਜੇ ਤੱਕ 0 800 10 800 'ਤੇ ਕਾਲ ਕਰ ਸਕਦੇ ਹੋ।
ਕੰਮ ਦੇ ਘੰਟਿਆਂ ਤੋਂ ਬਾਅਦ, ਛੁੱਟੀ ਵਾਲੇ ਦਿਨਾਂ, ਜਾਂ ਸਰਕਾਰੀ ਛੁੱਟੀਆਂ 'ਤੇ ਬੱਚਿਆਂ ਦੇ ਅਧਿਕਾਰਾਂ ਦੀ ਕਿਸੇ ਸ਼ੱਕੀ ਉਲੰਘਣਾ ਦੀ ਰਿਪੋਰਟ ਕਰਨ ਲਈ, ਕਿਰਪਾ ਕਰਕੇ ਐਮਰਜੈਂਸੀ ਨੰਬਰ 112 ਰਾਹੀਂ ਐਮਰਜੈਂਸੀ ਸੇਵਾਵਾਂ ਨਾਲ ਸੰਪਰਕ ਕਰੋ।
ਬੱਚਿਆਂ ਅਤੇ ਕਿਸ਼ੋਰਾਂ ਲਈ ਗੁਪਤ ਭਾਵਨਾਤਮਕ ਸਹਾਇਤਾ:
116 111 (ਸਵੇਰੇ 11.00 ਵਜੇ ਤੋਂ ਰਾਤ 23.00 ਵਜੇ ਤੱਕ)

## ਖ਼ਤਰੇ ਵਿੱਚ ਬੱਚਿਆਂ ਲਈ ਹੈਲਪਲਾਈਨ



ਜੇਕਰ ਤੁਸੀਂ ਅਣਗੌਲਿਆ ਮਹਿਸੂਸ ਕਰਦੇ ਹੋ ਜਾਂ ਖ਼ਤਰੇ ਵਿੱਚ ਹੋ, ਤਾਂ ਤੁਸੀਂ ਸੋਮਵਾਰ ਤੋਂ ਸ਼ਨੀਵਾਰ: ਸਵੇਰੇ 8.00 ਵਜੇ ਤੋਂ ਰਾਤ 20.00 ਵਜੇ ਤੱਕ 📞 0 800 10 800 'ਤੇ ਕਾਲ ਕਰ ਸਕਦੇ ਹੋ।

ਕੰਮ ਦੇ ਘੰਟਿਆਂ ਤੋਂ ਬਾਅਦ, ਛੁੱਟੀ ਵਾਲੇ ਦਿਨਾਂ, ਜਾਂ ਸਰਕਾਰੀ ਛੁੱਟੀਆਂ 'ਤੇ ਬੱਚਿਆਂ ਦੇ ਅਧਿਕਾਰਾਂ ਦੀ ਕਿਸੇ ਸ਼ੱਕੀ ਉਲੰਘਣਾ ਦੀ ਰਿਪੋਰਟ ਕਰਨ ਲਈ, ਕਿਰਪਾ ਕਰਕੇ ਐਮਰਜੈਂਸੀ ਨੰਬਰ 112 ਰਾਹੀਂ ਐਮਰਜੈਂਸੀ ਸੇਵਾਵਾਂ ਨਾਲ ਸੰਪਰਕ ਕਰੋ।

ਬੱਚਿਆਂ ਅਤੇ ਕਿਸ਼ੋਰਾਂ ਲਈ ਗੁਪਤ ਭਾਵਨਾਤਮਕ ਸਹਾਇਤਾ:
📞 116 111 (ਸਵੇਰੇ 11.00 ਵਜੇ ਤੋਂ ਰਾਤ 00.00 ਵਜੇ ਤੱਕ)

## ਕਾਨੂੰਨੀ ਸਲਾਹ, ਸਹਾਇਤਾ ਅਤੇ ਪ੍ਰਤੀਨਿਧਤਾ



ਰਾਜ ਦੁਆਰਾ ਗਾਰੰਟੀਸ਼ੁਦਾ ਕਾਨੂੰਨੀ ਸਹਾਇਤਾ: 📧 teisines.paslaugos@piia.lt 📞 +370 602 49364
ਲਿਥੁਆਨੀਅਨ ਰੈੱਡ ਕਰਾਸ ਸੋਸਾਇਟੀ: ਕਾਨੂੰਨੀ ਸਲਾਹ-ਮਸ਼ਵਰਾ 📧 legal@redcross.lt; ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਭਾਲ ਅਤੇ ਉਹਨਾਂ ਨਾਲ ਸੰਪਰਕ ਕਰਵਾਉਣਾ 📧 tracing@redcross.lt

## ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ (UNHCR)

ਸ਼ਰਣ ਮੰਗਣ ਵਾਲਿਆਂ ਅਤੇ ਸ਼ਰਨਾਰਥੀਆਂ ਦੇ ਹਿੱਤਾਂ ਅਤੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ




ਲਿਥੁਆਨੀਆ ਵਿੱਚ UNHCR ਬਾਰੇ - UNHCR ਲਿਥੁਆਨੀਆ
ਨੋਰਡਿਕ ਅਤੇ ਬਾਲਟਿਕ ਦੇਸ਼ਾਂ ਲਈ UNHCR ਦੀ ਪ੍ਰਤੀਨਿਧਤਾ (ਸਟਾਕਹੋਮ, ਸਵੀਡਨ): 📞 +46 10 10 12 800 (ਸੋਮਵਾਰ – ਸ਼ੁੱਕਰਵਾਰ, ਸਵੇਰੇ 10.00 ਵਜੇ ਤੋਂ ਦੁਪਹਿਰ 12.00 ਵਜੇ ਤੱਕ ਸਟਾਕਹੋਮ ਦੇ ਸਮੇਂ ਅਨੁਸਾਰ)
UNHCR ਦਾ ਸੰਪਰਕ ਦਫ਼ਤਰ (ਵਿਲਨੀਅਸ, ਲਿਥੁਆਨੀਆ): 📞 +370 5210 7416 (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9.00 ਵਜੇ ਤੋਂ ਸ਼ਾਮ 17.00 ਵਜੇ ਤੱਕ ਵਿਲਨੀਅਸ ਦੇ ਸਮੇਂ ਅਨੁਸਾਰ) 📧 swestprotection@unhcr.org

| | |
|---|---|
| ਲਿਥੁਆਨੀਅਨ ਰੈੱਡ ਕਰਾਸ ਸੋਸਾਇਟੀ: ਨਿਗਰਾਨੀ | stebesena@redcross.lt +370 682 16597 |
| ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ (IOM) ਵਿਲਨੀਅਸ ਦਫ਼ਤਰ | ਸਵੈਇੱਛਤ ਵਾਪਸੀ ਅਤੇ ਮੁੜ-ਏਕੀਕਰਨ ਵਿੱਚ ਸਹਾਇਤਾ +370 8001 2342, iomvilnius@iom.int |

ਜੇ ਤੁਹਾਨੂੰ ਕੋਈ ਡਾਕਟਰੀ ਐਮਰਜੈਂਸੀ ਹੈ ਅਤੇ ਤੁਸੀਂ ਖ਼ਤਰੇ ਵਿੱਚ ਹੋ, ਤਾਂ ਸਟਾਫ਼ ਨਾਲ ਸੰਪਰਕ ਕਰੋ। ਉਹ ਤੁਹਾਡੀ ਮਦਦ ਕਰਨਗੇ।

ਜੇ ਤੁਸੀਂ ਉਸ ਜਗ੍ਹਾ ਤੋਂ ਬਾਹਰ ਹੋ ਜਿੱਥੇ ਤੁਸੀਂ ਰਹਿ ਰਹੇ ਹੋ ਅਤੇ ਤੁਹਾਡਾ ਕੋਈ ਹਾਦਸਾ ਹੋਇਆ ਹੈ ਜਾਂ ਤੁਸੀਂ ਖ਼ਤਰੇ ਵਿੱਚ ਹੋ, ਤਾਂ ਤੁਸੀਂ ਇਸ ਐਮਰਜੈਂਸੀ ਨੰਬਰ 'ਤੇ ਮੁਫ਼ਤ ਵਿੱਚ ਕਾਲ ਕਰ ਸਕਦੇ ਹੋ:

**ਮੈਡੀਕਲ ਐਮਰਜੈਂਸੀ: 112**

**ਪੁਲਿਸ: 112**

ਜੇ ਤੁਹਾਡੇ ਕੋਲ ਫ਼ੋਨ ਨਹੀਂ ਹੈ, ਤਾਂ ਤੁਸੀਂ ਕਿਸੇ ਨੂੰ ਆਪਣੇ ਲਈ ਐਮਰਜੈਂਸੀ ਨੰਬਰ 'ਤੇ ਕਾਲ ਕਰਨ ਲਈ ਕਹਿ ਸਕਦੇ ਹੋ।

ਇਹ ਬਰੋਸ਼ਰ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਹ ਆਪਣੇ ਆਪ ਵਿੱਚ ਅਧਿਕਾਰ ਜਾਂ ਜ਼ਿੰਮੇਵਾਰੀਆਂ ਸਿਰਜਿਤ ਨਹੀਂ ਕਰਦਾ ਹੈ। ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ (EUAA) ਨੇ ਇਸ ਸਮੱਗਰੀ ਦਾ ਮੁੱਖ ਭਾਗ ਪ੍ਰਦਾਨ ਕੀਤਾ ਹੈ,
ਅਤੇ ਇਸ ਬਰੋਸ਼ਰ ਦੀ ਪ੍ਰਤੀ ਬਣਾਉਣ ਅਤੇ ਸੋਧ EUAA ਦੁਆਰਾ ਸਿਰਫ਼ EU ਮੈਂਬਰ ਰਾਜਾਂ ਲਈ ਅਧਿਕਾਰਤ ਹੈ। EUAA ਇਸ ਬਰੋਸ਼ਰ ਵਿੱਚ ਸ਼ਾਮਲ ਜਾਣਕਾਰੀ ਦੀ ਸ਼ੁੱਧਤਾ, ਸਮੱਗਰੀ, ਸੰਪੂਰਨਤਾ, ਕਾਨੂੰਨੀਤਾ ਜਾਂ ਭਰੋਸੇਯੋਗਤਾ ਲਈ EU ਮੈਂਬਰ ਰਾਜਾਂ ਜਾਂ ਕਿਸੇ ਹੋਰ ਜ਼ਿੰਮੇਵਾਰ ਤੀਜੀ ਧਿਰ ਦੁਆਰਾ ਕੋਈ ਜ਼ਿੰਮੇਵਾਰੀ ਜਾਂ ਦੇਣਦਾਰੀ ਸਵੀਕਾਰ ਨਹੀਂ ਕਰਦਾ ਹੈ। ਇਸ ਬਰੋਸ਼ਰ ਵਿੱਚ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਲਈ ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਜ਼ਿੰਮੇਵਾਰ ਹੈ।

© ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025